# Official Spokesperson's response to media queries on the Indian Consulate in Kandahar

July 11, 2021

## ਕੰਧਾਰ 'ਚ ਭਾਰਤੀ ਕੌਂਸਲੇਟ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

ਜੁਲਾਈ 11, 2021

ਕੰਧਾਰ ਵਿੱਚ ਭਾਰਤੀ ਕੌਂਸਲੇਟ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗ਼ਚੀ ਨੇ ਕਿਹਾ:

"ਭਾਰਤ ਅਫਗਾਨਿਸਤਾਨ ਵਿੱਚ ਸੁਰੱਖਿਆ ਦੀ ਵਿਗੜਦੀ ਜਾ ਰਹੀ ਸਥਿਤੀ ਉੱਤੇ ਨੇੜਲੀ ਨਜ਼ਰ ਰੱਖ ਰਿਹਾ ਹੈ। ਸਾਡੇ ਕਾਰਕੁਨਾਂ ਦੀ ਸੁਰੱਖਿਆ ਸਭ ਤੋਂ ਵੱਧ ਮਹੱਤਵਪੂਰਣ ਹੈ। ਕੰਧਾਰ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੂੰ ਬੰਦ ਨਹੀਂ ਕੀਤਾ ਗਿਆ ਹੈ। ਪਰੰਤੂ ਕੰਧਾਰ ਸ਼ਹਿਰ ਨੇੜੇ ਚੱਲ ਰਹੀ ਤੀਬਰ ਲੜਾਈ ਕਾਰਨ ਭਾਰਤ ਅਧਾਰਤ ਕਰਮਚਾਰੀਆਂ ਨੂੰ ਕੁੱਝ ਸਮੇਂ ਲਈ ਵਾਪਸ ਬੁਲਾਇਆ ਗਿਆ ਹੈ। ਮੈਂ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਸਥਿਤੀ ਸਥਿਰ ਨਾ ਹੋਣ ਤਕ ਇਹ ਮੁੱਕਮਲ ਤੌਰ 'ਤੇ ਆਰਜ਼ੀ ਉਪਾਅ ਹੈ। ਇਸਦੇ ਅੰਦਰ ਤਾਇਨਾਤ ਸਥਾਨਕ ਸਟਾਫ ਮੈਂਬਰਾਂ ਨਾਲ ਕੌਂਸਲੇਟ ਕੰਮ ਕਰ ਰਿਹਾ ਹੈ।

ਕਾਬੁਲ ਵਿੱਚ ਭਾਰਤੀ ਦੂਤਘਰ ਰਾਹੀਂ ਵੀਜ਼ਾ ਅਤੇ ਕੌਂਸਲਰ ਸੇਵਾਵਾਂ ਦੀ ਲਗਾਤਾਰਤਾ ਯਕੀਨੀ ਬਣਾਉਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ।

ਅਫਗਾਨਿਸਤਾਨ ਦੇ ਮਹੱਤਵਪੂਰਨ ਭਾਈਵਾਲ ਵਜੋਂ ਭਾਰਤ ਸ਼ਾਂਤੀਪੂਰਨ, ਪ੍ਰਭੂਸੱਤਾ ਵਾਲ਼ੇ ਲੋਕਤੰਤਰੀ ਅਫਗਾਨਿਸਤਾਨ ਪ੍ਰਤੀ ਵਚਨਬੱਧ ਹੈ।"

ਨਵੀਂ ਦਿੱਲੀ
ਜੁਲਾਈ 11, 2021

DISCLAIMER: This is an approximate translation. The original is available in English on MEA's website and may be referred to as the official press release.